# India-Turkmenistan Foreign Office Consultations

January 13, 2021

# ਭਾਰਤ-ਤੁਰਕਮੇਨਿਸਤਾਨ ਵਿਦੇਸ਼ ਦਫਤਰਾਂ ਦਰਮਿਆਨ ਮਸ਼ਵਰੇ

**13 ਜਨਵਰੀ, 2021**

ਭਾਰਤ ਅਤੇ ਤੁਰਕਮੇਨਿਸਤਾਨ ਦੇ ਵਿਦੇਸ਼ ਦਫਤਰਾਂ ਦਰਮਿਆਨ ਮਸ਼ਵਰੇ ਦਾ ਚੌਥਾ ਦੌਰ 13 ਜਨਵਰੀ, 2021 ਨੂੰ ਵਰਚੁਅਲ ਮੋਡ ਰਾਹੀਂ ਹੋਇਆ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੱਛਮ) ਸ਼੍ਰੀ ਵਿਕਾਸ ਸਵਰੂਪ ਨੇ ਕੀਤੀ ਅਤੇ ਤੁਰਕਮਿਨੀ ਪੱਖ ਦੀ ਅਗਵਾਈ ਤੁਰਕਮੇਨਿਸਤਾਨ ਦੇ ਵਿਦੇਸ਼ ਉਪ ਮੰਤਰੀ ਮਹਾਮਹਿਮ ਸ਼੍ਰੀ ਵੇਪਾ ਹਾਜੀਯੇਵ ਨੇ ਕੀਤੀ।

ਇਸ ਵਿਚਾਰ-ਵਟਾਂਦਰੇ ਨਾਲ ਸਿਆਸੀ, ਆਰਥਿਕ, ਵਪਾਰਕ, ਰੱਖਿਆ, ਵਿਗਿਆਨਕ, ਸਭਿਆਚਾਰਕ, ਸਿੱਖਿਆ ਅਤੇ ਕੌਂਸਲਰ ਸਹਿਯੋਗ ਸਮੇਤ ਦੁਵੱਲੇ ਸਬੰਧਾਂ ਦੇ ਵੱਖ-ਵੱਖ ਪਹਿਲੂਆਂ ਦੀ ਵਿਸਥਾਰਪੂਰਵਕ ਸਮੀਖਿਆ ਕਰਨ ਦਾ ਮੌਕਾ  ਮਿਲਿਆ।

ਦੋਵਾਂ ਪੱਖਾਂ ਨੇ ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ ਅਤੇ ਸੰਯੁਕਤ ਰਾਸ਼ਟਰ ਅਤੇ ਬਹੁਪੱਖੀ ਮੰਚਾਂ ਅੰਦਰ ਸਹਿਯੋਗ ਵਧਾਉਣ ਉੱਤੇ ਸਹਿਮਤੀ ਦਿੱਤੀ।

ਗੱਲਬਾਤ ਦੋਸਤਾਨਾ ਅਤੇ ਸੁਹਿਰਦ ਮਾਹੌਲ ਵਿਚ ਹੋਈ। ਵਿਦੇਸ਼ ਦਫਤਰਾਂ ਦੇ 5ਵੇਂ ਗੇੜ ਦੇ ਵਿਚਾਰ ਵਟਾਂਦਰੇ ਆਪਸੀ ਸਹੂਲਤ ਅਨੁਸਾਰ ਦੇ ਸਮੇਂ 'ਤੇ ਕਰਾਉਣ ਉੱਤੇ ਸਹਿਮਤੀ ਦਿੱਤੀ ਗਈ।

ਨਵੀਂ ਦਿਲੀ

13 ਜਨਵਰੀ, 2020

DISCLAIMER: This is an approximate translation. The original is available in English on MEA’s website and may be referred to as the official press release.